# ਬਰਤਾਨਵੀ ਰਾਜਨੀਤਿਕ ਪ੍ਰਣਾਲ਼ੀ ਪ੍ਰੰਪਰਾਵਾਂ

BRITISH POLITICAL SYSTEM

CONVENTIONS

# United Kingdom



# ਇੰਗਲੈਂਡ ਤੋਂ ਯੂ. ਕੇ. ਦਾ ਸਫਰ 1

- 1283 ਈ. ਵਿੱਚ ਇੰਗਲੈਂਡ ਦੇ ਬਾਦਸ਼ਾਹ ਨੇ ਵੇਲਜ਼ ਨੂੰ ਜਿੱਤਿਆ।
- Laws in Wales Acts 1535 and 1542 ਪਾਸ ਕਰਕੇ ਵੇਲਜ਼ ਨੂੰ ਇੰਗਲੈਂਡ ਦਾ ਕਾਨੂੰਨੀ ਤੌਰ ਤੇ ਭਾਗ ਬਣਾ ਦਿੱਤਾ ਗਿਆ।

- Crown of Ireland Act, 1542 ਪਾਸ ਕਰਕੇ ਆਇਰਲੈਂਡ ਦੀ ਸੰਸਦ ਨੇ ਇੰਗਲੈਂਡ ਦੇ ਬਾਦਸ਼ਾਹ ਨੂੰ ਆਇਰਲੈਂਡ ਦਾ ਵੀ ਬਾਦਸ਼ਾਹ ਪ੍ਰਵਾਨ ਕਰ ਲਿਆ।

# ਇੰਗਲੈਂਡ ਤੋਂ ਯੂ. ਕੇ. ਦਾ ਸਫਰ 2

- 1603 ਈ. ਵਿੱਚ ਸਕਾਟਲੈਂਡ ਦੇ ਰਾਜੇ ਜੇਮਜ਼ ਛੇਵੇਂ ਨੇ ਇੰਗਲੈਂਡ ਦੇ ਬਾਦਸ਼ਾਹ ਦੇ ਤੌਰ ਤੇ ਵੀ ਤਾਜ ਗ੍ਰਹਿਣ ਕਰ ਲਿਆ ਕਿਉਂਕਿ ਵਿਰਾਸਤੀ ਨਿਯਮਾਂ ਤਹਿਤ ਐਲਿਜ਼ਾਬੇਥ ਪਹਿਲੇ ਦੇ ਮੌਤ ਤੋਂ ਬਾਅਦ ਜੇਮਜ਼ ਛੇਵੇਂ ਦਾ ਇੰਗਲੈਂਡ ਦੀ ਰਾਜ ਗੱਦੀ ਤੇ ਹੱਕ ਬਣਦਾ ਸੀ।
- ਇਸਨੂੰ Union of Crowns ਜਾਂ ਤਾਜਾਂ ਦੀ ਯੂਨੀਅਨ ਕਿਹਾ ਜਾਂਦਾ ਹੈ।
- 1707 ਈ. ਵਿੱਚ ਸਕਾਟਲੈਂਡ ਅਤੇ ਇੰਗਲੈਂਡ ਦੀਆਂ ਸੰਸਦਾਂ ਨੇ Acts of Union ਜਾਂ ਰਲੇਵੇਂ ਦੇ ਕਾਨੂੰਨ ਪਾਸ ਕਰਕੇ ਦੋਵਾਂ ਰਾਜਾਂ ਲਈ ਸੰਸਦ ਵੀ ਸਾਂਝੀ ਕਰ ਦਿੱਤੀ, ਜਿਸਨੂੰ 'ਗ੍ਰੇਟ ਬ੍ਰਿਟੇਨ' ਦੀ ਸੰਸਦ ਕਿਹਾ ਗਿਆ।

# ਇੰਗਲੈਂਡ ਤੋਂ ਯੂ. ਕੇ. ਦਾ ਸਫਰ 3

- Acts of Union 1801 ਬਰਤਾਨਵੀ ਸੰਸਦ ਅਤੇ ਆਇਰਲੈਂਡ ਦੀ ਸੰਸਦ ਦੁਆਰਾ ਪਾਸ ਕਰਕੇ ਗ੍ਰੇਟ ਬ੍ਰਿਟੇਨ ਅਤੇ ਆਇਰਲੈਂਡ ਦਾ ਰਲੇਵਾਂ ਕਰਕੇ 'ਗ੍ਰੇਟ ਬ੍ਰਿਟੇਨ ਅਤੇ ਆਇਰਲੈਂਡ ਦੀ ਸੰਯੁਕਤ ਸਲਤਨਤ' (United Kingdom of Great Britain and Ireland) ਭਾਵ ਯੂ. ਕੇ. ਦੀ ਸਥਾਪਨਾ ਕੀਤੀ ਗਈ।
- 1922 ਈ. ਵਿੱਚ ਆਇਰਲੈਂਡ ਫਿਰ ਤੋਂ ਵੱਖਰਾ ਹੋ ਗਿਆ ਪ੍ਰੰਤੂ ਇਸਦੇ ਉੱਤਰੀ ਹਿੱਸੇ ਨੇ ਆਇਰਲੈਂਡ ਤੋਂ ਹੀ ਵੱਖਰਾ ਹੋ ਕੇ ਯੂਨੀਅਨ ਨਾਲ਼ ਰਹਿਣ ਦਾ ਫੈਸਲਾ ਕੀਤਾ ਜਿਸਨੂੰ ਹੁਣ ਉੱਤਰੀ ਆਇਰਲੈਂਡ ਕਿਹਾ ਜਾਂਦਾ ਹੈ।
- ਬਾਕੀ ਦੇ ਦੇਸ਼ ਨੂੰ ਹੁਣ 'ਗ੍ਰੇਟ ਬ੍ਰਿਟੇਨ ਅਤੇ ਉੱਤਰੀ ਆਇਰਲੈਂਡ ਦੀ ਸੰਯੁਕਤ ਸਲਤਨਤ' United Kingdom of Great Britain and Northern Ireland ਕਿਹਾ ਜਾਂਦਾ ਹੈ।

# ਅਰਥ ਅਤੇ ਪਰਿਭਾਸ਼ਾ

ਰਾਜਨੀਤਿਕ ਖੇਤਰ ਵਿੱਚ ਹਰ ਨਿਯਮ ਨੂੰ ਲਿਖਤੀ ਰੂਪ ਦੇਣਾ ਸੰਭਵ ਨਹੀਂ ਹੁੰਦਾ। ਰਾਜਨੀਤਿਕ ਵਿਹਾਰ ਦੇ ਕੁੱਝ ਅਲਿਖਤੀ ਨਿਯਮ ਜਰੂਰ ਹੁੰਦੇ ਹਨ ਜਿਹਨਾ ਦੀ ਪਾਲਣਾ ਲਿਖਤੀ ਨਿਯਮਾਂ ਵਾਂਗ ਹੀ ਕੀਤੀ ਜਾਂਦੀ ਹੈ। ਅਜਿਹੇ ਨਿਯਮ ਜਦੋਂ ਕੁੱਝ ਸਮਾਂ ਲਗਾਤਾਰ ਚਲਦੇ ਰਹਿੰਦੇ ਹਨ ਤਾਂ ਰਾਜਨੀਤਿਕ ਪ੍ਰੰਪਰਾ ਬਣ ਜਾਂਦੇ ਹਨ। ਇਹਨਾਂ ਦਾ ਪਾਲਣ ਕਰਨ ਦੀ ਸੰਬੰਧਿਤ ਵਿਅਕਤੀਆਂ ਤੋਂ ਉਮੀਦ ਕੀਤੀ ਜਾਣ ਲੱਗਦੀ ਹੈ। ਜੇਕਰ ਕੋਈ ਵਿਅਕਤੀ ਇਹਨਾਂ ਨਿਯਮਾਂ ਤੋਂ ਬਾਹਰ ਜਾਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਦਾ ਵਿਵਹਾਰ ਨਿੰਦਣਯੋਗ ਸਮਝਿਆ ਜਾਂਦਾ ਹੈ।

ਅੱਗ ਅਤੇ ਜ਼ਿੰਕ ਅਨੁਸਾਰ "ਪ੍ਰੰਪਰਾਵਾਂ ਵਿੱਚ ਉਹ ਸਹਿਮਤੀਆਂ, ਆਦਤਾਂ ਜਾਂ ਸ਼ਾਮਿਲ ਹਨ ਜੋ ਭਾਵੇਂ ਕੇਵਲ ਰਾਜਨੀਤਿਕ ਨੈਤਿਕਤਾ ਦੇ ਨਿਯਮ ਹਨ, ਪ੍ਰੰਤੂ ਉਹ ਅਤਿਅੰਤ ਮਹੱਤਵਪੂਰਨ ਜਨਤਕ ਸ਼ਕਤੀਆਂ ਦੇ ਦੈਨਿਕ ਸੰਬੰਧਾਂ ਅਤੇ ਕਾਰਜਾਂ ਦੇ ਇੱਕ ਵੱਡੇ ਭਾਗ ਨੂੰ ਨਿਯਮਿਤ ਕਰਦੀਆਂ ਹਨ।"

# ਬਰਤਾਨਵੀ ਰਾਜਨੀਤਿਕ ਪ੍ਰਣਾਲ਼ੀ ਦੀਆਂ ਮੁੱਖ ਪ੍ਰੰਪਰਾਵਾਂ

# Major conventions of British Political System

# 1) ਬਾਦਸ਼ਾਹ ਨਾਲ਼ ਸੰਬੰਧਿਤ ਪ੍ਰੰਪਰਾਵਾਂ

## i. ਮੰਤਰੀ ਮੰਡਲ ਦਾ ਨਿਰਮਾਣ

ਮੰਤਰੀ ਮੰਡਲ ਦਾ ਨਿਰਮਾਣ ਬਾਦਸ਼ਾਹ ਆਪਣੀ ਸੁਤੰਤਰ ਇੱਛਾ ਅਨੁਸਾਰ ਨਹੀਂ ਕਰਦਾ। ਸਧਾਰਨ ਚੋਣਾਂ ਤੋਂ ਬਾਅਦ ਜਿਸ ਰਾਜਨੀਤਿਕ ਦਲ ਨੂੰ ਕਾਮਨਜ਼ ਸਦਨ ਵਿੱਚ ਬਹੁਮਤ ਪ੍ਰਾਪਤ ਹੁੰਦਾ ਹੈ, ਉਸ ਦਲ ਦੇ ਨੇਤਾ ਨੂੰ ਬਾਦਸ਼ਾਹ ਪ੍ਰਧਾਨ ਮੰਤਰੀ ਨਿਯੁਕਤ ਕਰਦਾ ਹੈ। ਹੋਰ ਮੰਤਰੀਆਂ ਦੀ ਨਿਯੁਕਤੀ ਬਾਦਸ਼ਾਹ ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਹੀ ਕਰਦਾ ਹੈ।

## ii. ਮੰਤਰੀ ਮੰਡਲ ਦਾ ਕਾਰਜਕਾਲ

ਬਾਦਸ਼ਾਹ ਕਿਸੇ ਮੰਤਰੀ ਨੂੰ ਉਦੋਂ ਤੱਕ ਅਹੁਦੇ ਤੋਂ ਵੱਖ ਨਹੀਂ ਕਰਦਾ ਜਦੋਂ ਤੱਕ ਇਸ ਸੰਬੰਧੀ ਪ੍ਰਧਾਨ ਮੰਤਰੀ ਨੇ ਸਿਫਾਰਸ਼ ਨਾ ਕੀਤੀ ਹੋਵੇ। ਮੰਤਰੀ ਮੰਡਲ ਨੂੰ ਉਦੋਂ ਤੱਕ ਅਹੁਦੇ ਤੋਂ ਵੱਖ ਨਹੀਂ ਕਰਦਾ ਜਦੋਂ ਤੱਕ ਉਸਨੂੰ ਕਾਮਨਜ਼ ਸਦਨ ਦੇ ਬਹੁਮਤ ਦਾ ਵਿਸ਼ਵਾਸ਼ ਪ੍ਰਾਪਤ ਰਹੇ।

# 1) ਬਾਦਸ਼ਾਹ ਨਾਲ਼ ਸੰਬੰਧਿਤ ਪ੍ਰੰਪਰਾਵਾਂ

**iii. ਮੰਤਰੀ ਮੰਡਲ ਦੀ ਮੀਟਿੰਗ ਸੰਬੰਧੀ**

ਬਾਦਸ਼ਾਹ ਮੰਤਰੀ ਮੰਡਲ ਦੀਆਂ ਮੀਟਿੰਗਾਂ ਵਿੱਚ ਹਿੱਸਾ ਨਹੀਂ ਲੈਂਦਾ। ਇਹ ਮੀਟਿੰਗਾਂ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਹੁੰਦੀਆਂ ਹਨ।

**iv. ਮੰਤਰੀ ਮੰਡਲ ਦੀ ਸਲਾਹ ਸੰਬੰਧੀ**

ਬਾਦਸ਼ਾਹ ਮੰਤਰੀ ਮੰਡਲ ਦੀ ਸਲਾਹ ਨੂੰ ਮੰਨਣ ਤੋਂ ਕਦੇ ਇਨਕਾਰ ਨਹੀਂ ਕਰਦਾ। ਉਹ ਸਾਸ਼ਨ ਦਾ ਹਰ ਕੰਮ ਆਪਣੇ ਮੰਤਰੀਆਂ ਦੀ ਸਲਾਹ ਅਨੁਸਾਰ ਹੀ ਕਰਦਾ ਹੈ।

**v. ਕਾਮਨਜ਼ ਸਦਨ ਨੂੰ ਭੰਗ ਕਰਨਾ**

ਬਾਦਸ਼ਾਹ ਪੰਜ ਸਾਲ ਦੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਵੀ ਕਾਮਨਜ਼ ਸਦਨ ਨੂੰ ਭੰਗ ਕਰ ਸਕਦਾ ਹੈ। ਉਹ ਅਜਿਹਾ ਤਾਂ ਹੀ ਕਰਦਾ ਹੈ ਜੇਕਰ ਪ੍ਰਧਾਨ ਮੰਤਰੀ ਇਸਦੀ ਸਲਾਹ ਦੇਵੇ।

# 2) ਮੰਤਰੀ ਮੰਡਲ ਨਾਲ਼ ਸੰਬੰਧਿਤ ਪ੍ਰੰਪਰਾਵਾਂ

**ਮੰਤਰੀ ਮੰਡਲ ਦਾ ਨਿਰਮਾਣ**

ਮੰਤਰੀਆਂ ਦੀ ਨਿਯੁਕਤੀ ਬਾਦਸ਼ਾਹ ਕਰਦਾ ਹੈ। ਪ੍ਰੰਤੂ ਉਹ ਕਾਮਨਜ਼ ਸਦਨ ਵਿੱਚ ਬਹੁਮਤ ਵਾਲ਼ੇ ਦਲ ਦੇ ਨੇਤਾ ਨੂੰ ਹੀ ਪ੍ਰਧਾਨ ਮੰਤਰੀ ਨਿਯੁਕਤ ਕਰਦਾ ਹੈ। ਬਾਕੀ ਮੰਤਰੀਆਂ ਦੀ ਨਿਯੁਕਤੀ ਪ੍ਰਧਾਨ ਮੰਤਰੀ ਦੀ ਸਲਾਹ ਤੇ ਕੀਤੀ ਜਾਂਦੀ ਹੈ।

**ii. ਪ੍ਰਧਾਨ ਮੰਤਰੀ ਦੀ ਨਿਯੁਕਤੀ ਕਾਮਨਜ਼ ਸਦਨ ਵਿੱਚੋਂ**

ਇੰਗਲੈਂਡ ਵਿੱਚ 1923 ਤੋਂ ਬਾਅਦ ਕਿਸੇ ਵੀ ਪ੍ਰਧਾਨ ਮੰਤਰੀ ਦੀ ਨਿਯੁਕਤੀ ਲਾਰਡ ਸਦਨ ਵਿੱਚੋਂ ਨਹੀਂ ਕੀਤੀ ਗਈ। ਪ੍ਰਧਾਨ ਮੰਤਰੀ ਹਮੇਸ਼ਾਂ ਕਾਮਨਜ਼ ਸਦਨ ਵਿੱਚੋਂ ਹੀ ਨਿਯੁਕਤ ਕੀਤਾ ਜਾਂਦਾ ਹੈ।

**iii. ਮੀਟਿੰਗਾਂ ਦੀ ਪ੍ਰਧਾਨਗੀ**

ਮੰਤਰੀ ਮੰਡਲ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਬਾਦਸ਼ਾਹ ਨਹੀਂ ਸਗੋਂ ਪ੍ਰਧਾਨ ਮੰਤਰੀ ਕਰਦਾ ਹੈ।

# 2) ਮੰਤਰੀ ਮੰਡਲ ਨਾਲ਼ ਸੰਬੰਧਿਤ ਪ੍ਰੰਪਰਾਵਾਂ

**iv. ਕਾਰਜਕਾਲ**

ਮੰਤਰੀ ਪ੍ਰੀਸ਼ਦ ਦਾ ਕਾਰਜਕਾਲ ਅਨਿਸ਼ਚਿਤ ਹੁੰਦਾ ਹੈ। ਮੰਤਰੀ ਉੱਨਾ ਚਿਰ ਆਪਣੇ ਅਹੁਦੇ ਤੇ ਰਹਿੰਦੇ ਹਨ, ਜਿੰਨਾ ਚਿਰ ਉਹਨਾਂ ਨੂੰ ਕਾਮਨਜ਼ ਸਦਨ ਦੇ ਬਹੁਮਤ ਦਾ ਵਿਸ਼ਾਵਸ਼ ਪ੍ਰਾਪਤ ਰਹੇ।

**v. ਰਾਜਨੀਤਿਕ ਇਕਰੂਪਤਾ**

ਸਾਰੇ ਮੰਤਰੀ ਇੱਕ ਹੀ ਦਲ ਵਿੱਚੋਂ ਲਏ ਜਾਂਦੇ ਹਨ। ਜੇਕਰ ਗਠਜੋੜ ਸਰਕਾਰ ਬਣੀ ਹੋਵੇ ਤਾਂ ਉਹਨਾ ਦਲਾਂ ਵਿੱਚੋਂ ਹੀ ਮੰਤਰੀ ਲਏ ਜਾਂਦੇ ਹਨ, ਜਿਹੜੇ ਗਠਜੋੜ ਦਾ ਭਾਗ ਹੋਣ। ਵਿਰੋਧੀ ਧਿਰ ਵਿੱਚੋਂ ਕੋਈ ਮੰਤਰੀ ਨਹੀਂ ਲਿਆ ਜਾਂਦਾ।

**vi. ਸੰਕਟਕਾਲ ਅਤੇ ਮੰਤਰੀ ਮੰਡਲ**

ਦੇਸ਼ ਵਿੱਚ ਕਿਸੇ ਸੰਕਟ ਦੇ ਆ ਜਾਣ ਤੇ ਮੰਤਰੀ ਮੰਡਲ ਰਾਸ਼ਟਰੀ ਏਕਤਾ ਨੂੰ ਕਾਇਮ ਰੱਖਣ ਲਈ ਸਹਿਕਾਰਤਾ ਦੇ ਸਿਧਾਂਤ ਨੂੰ ਅਪਣਾਉਂਦਾ ਹੈ। ਸੰਸਦ ਦਾ ਸਮਾਗਮ ਬੁਲਾ ਕੇ ਯੁੱਧ ਜਾਂ ਸ਼ਾਂਤੀ ਦੀ ਘੋਸ਼ਣਾ ਕੀਤੀ ਜਾਂਦੀ ਹੈ। ਯੁੱਧ ਦਾ ਸੰਚਾਲਨ ਕਰਨ ਲਈ ਇੱਕ ਛੋਟੀ ਕਮੇਟੀ 'ਯੁੱਧ ਮੰਤਰੀ ਮੰਡਲ' (War Cabinet) ਦਾ ਨਿਰਮਾਣ ਕੀਤਾ ਜਾਂਦਾ ਹੈ। ਇਸ ਵਿੱਚ ਸੈਨਿਕ ਅਧਿਕਾਰੀ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ।

# 3) ਸੰਸਦ ਨਾਲ਼ ਸੰਬੰਧਿਤ ਪ੍ਰੰਪਰਾਵਾਂ

**i. ਦੋ ਸਦਨੀ ਸੰਸਦ**

ਇੰਗਲੈਂਡ ਭਾਵੇਂ ਇੱਕ ਇਕਾਤਮਕ ਰਾਜ ਹੈ, ਪ੍ਰੰਤੂ ਫਿਰ ਵੀ ਉੱਥੇ ਸੰਸਦ ਦੇ ਦੋ ਸਦਨ ਹਨ ਜਿਹਨਾ ਨੂੰ ਕ੍ਰਮਵਾਰ ਲਾਰਡ ਸਦਨ ਅਤੇ ਕਾਮਨਜ਼ ਸਦਨ ਕਿਹਾ ਜਾਂਦਾ ਹੈ।

**ii. ਧਨ ਅਤੇ ਕਾਮਨਜ਼ ਸਦਨ**

ਵਿੱਤੀ ਖੇਤਰ ਵਿੱਚ ਕਾਮਨਜ਼ ਸਦਨ ਦਾ ਹੀ ਨਿਯੰਤਰਣ ਹੈ। 1909 ਦੇ ਸੰਸਦੀ ਸੁਧਾਰ ਕਾਨੂੰਨ ਨੇ ਵਿੱਤੀ ਖੇਤਰ ਵਿੱਚ ਲਾਰਡ ਸਦਨ ਦੀ ਸ਼ਕਤੀ ਘਟਾਈ ਹੈ। ਪ੍ਰੰਤੂ ਉਸਤੋਂ ਪਹਿਲਾਂ ਵੀ ਲਾਰਡ ਸਦਨ ਵਿੱਤੀ ਖੇਤਰ ਵਿੱਚ ਦਖਲਅੰਦਾਜੀ ਨਹੀਂ ਕਰਦਾ ਸੀ।

**iii. ਹਰ ਸਾਲ ਸਮਾਗਮ**

ਬਰਤਾਨਵੀ ਸੰਸਦ ਦਾ ਹਰ ਸਾਲ ਇੱਕ ਸਮਾਗਮ ਜਰੂਰ ਹੁੰਦਾ ਹੈ। ਇਹ ਕੋਈ ਕਾਨੂੰਨੀ ਵਿਵਸਥਾ ਨਹੀਂ ਸਗੋਂ ਇੱਕ ਪ੍ਰੰਪਰਾ ਹੀ ਹੈ

# 3) ਸੰਸਦ ਨਾਲ਼ ਸੰਬੰਧਿਤ ਪ੍ਰੰਪਰਾਵਾਂ

**iv. ਬਿੱਲ ਤੇ ਤਿੰਨ ਪੜਤਾਂ**

ਕਿਸੇ ਬਿੱਲ ਨੂੰ ਪਾਸ ਹੋਣ ਤੋਂ ਪਹਿਲਾਂ ਤਿੰਨ ਪੜਤਾਂ ਵਿੱਚੋਂ ਦੀ ਗੁਜਰਨਾ ਪੈਂਦਾ ਹੈ।

**v. ਸਾਸ਼ਨਆਦੇਸ਼ ਪ੍ਰੰਪਰਾ ਜਾਂ ਅਧਿਕਾਰ ਪ੍ਰਾਪਤ ਪ੍ਰੰਪਰਾ**

**(Mandate Convention)**

ਸ਼ਾਸਕ ਦਲ ਆਪਣੇ ਬਹੁਮਤ ਦਾ ਨਜ਼ਾਇਜ ਫਾਇਦਾ ਨਹੀਂ ਲੈਂਦਾ। ਕਿਸੇ ਵਿਵਾਦਤ ਵਿਸ਼ੇ ਸੰਬੰਧੀ ਕਾਨੂੰਨ ਤਾਂ ਹੀ ਬਣਾਇਆ ਜਾਂਦਾ ਹੈ, ਜੇਕਰ ਚੋਣਾਂ ਦੌਰਾਨ ਸ਼ਾਸਕ ਦਲ ਨੇ ਉਸ ਵਿਸ਼ੇ ਨੂੰ ਜਨਤਾ ਸਾਹਮਣੇ ਪੇਸ਼ ਕੀਤਾ ਹੋਵੇ।

# 4) ਕਾਮਨਜ਼ ਸਦਨ ਦੇ ਸਪੀਕਰ ਨਾਲ਼ ਸੰਬੰਧਿਤ ਪ੍ਰੰਪਰਾਵਾਂ

**i. ਰਾਜਨੀਤੀ ਤੋ ਨਿਰਲੇਪ**

ਜਿਹੜਾ ਵੀ ਮੈਂਬਰ ਕਾਮਨਜ਼ ਸਦਨ ਦਾ ਸਪੀਕਰ ਚੁਣ ਲਿਆ ਜਾਂਦਾ ਹੈ, ਉਹ ਆਪਣੇ ਦਲ ਨਾਲ਼ੋਂ ਸੰਬੰਧ ਤੋੜ ਲੈਂਦਾ ਹੈ ਤਾਂਕਿ ਨਿਰਪੱਖਤਾ ਨਾਲ਼ ਕੰਮ ਕਰ ਸਕੇ।

**ii. ਇੱਕ ਵਾਰੀ ਦਾ ਸਪੀਕਰ ਸਦਾ ਲਈ ਸਪੀਕਰ**

ਜਿਹੜਾ ਮੈਂਬਰ ਇੱਕ ਵਾਰੀ ਸਪੀਕਰ ਚੁਣ ਲਿਆ ਜਾਏ ਅਕਸਰ ਉਸੇ ਹੀ ਵਿਅਕਤੀ ਨੂੰ ਅਗਲੀ ਵਾਰੀ ਵੀ ਸਪੀਕਰ ਚੁਣ ਲਿਆ ਜਾਂਦਾ ਹੈ। ਸਪੀਕਰ ਦੇ ਵਿਰੁੱਧ ਕਾਮਨਜ਼ ਸਦਨ ਦੀਆਂ ਚੋਣਾਂ ਵਿੱਚ ਵੀ ਕੋਈ ਦਲ ਆਪਣਾ ਉਮੀਦਵਾਰ ਖੜ੍ਹਾ ਨਹੀਂ ਕਰਦਾ।

**iii. ਕਾਮਨਜ਼ ਸਦਨ ਦਾ ਪ੍ਰਤੀਨਿਧ**

ਸਪੀਕਰ ਦੀ ਪਦਵੀ ਦੀ ਵਿਵਸਥਾ ਬਾਦਸ਼ਾਹ ਦੇ ਪ੍ਰਤੀਨਿਧੀ ਦੇ ਰੂਪ ਵਿੱਚ ਕੀਤੀ ਗਈ ਸੀ। ਪ੍ਰੰਤੂ ਸਮਾਂ ਪਾ ਕੇ ਹੌਲ਼ੀ-ਹੌਲ਼ੀ ਸਪੀਕਰ ਬਾਦਸ਼ਾਹ ਦੀ ਥਾਂ ਤੇ ਕਾਮਨਜ਼ ਸਦਨ ਦਾ ਪ੍ਰਤੀਨਿਧ ਬਣ ਗਿਆ ਹੈ।

# 5) ਉਪਨਿਵੇਸ਼ਾਂ ਨਾਲ਼ ਸੰਬੰਧਿਤ ਪ੍ਰੰਪਰਾਵਾਂ

## i. ਸੰਸਦ ਦੇ ਕਾਨੂੰਨ

ਇੰਗਲੈਂਡ ਦੀ ਸੰਸਦ ਦੁਆਰਾ ਬਣਾਇਆ ਕੋਈ ਵੀ ਕਾਨੂੰਨ ਉਪਨਿਵੇਸ਼ਾਂ ਤੇ ਲਾਗੂ ਨਹੀਂ ਹੁੰਦਾ।

## ii. ਬਾਦਸ਼ਾਹ ਦੀ ਸਥਿਤੀ

ਇੰਗਲੈਂਡ ਦਾ ਬਾਦਸ਼ਾਹ ਉਪਨਿਵੇਸ਼ਾਂ ਨਾਲ਼ ਸੰਬੰਧਿਤ ਕੋਈ ਵੀ ਕੰਮ ਇੰਗਲੈਂਡ ਦੇ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਨਹੀਂ ਸਗੋਂ ਸੰਬੰਧਿਤ ਉਪਨਿਵੇਸ਼ ਦੇ ਮੰਤਰੀ ਮੰਡਲ ਦੀ ਸਲਾਹ ਅਨੁਸਾਰ ਕਰਦਾ ਹੈ।

# ਪ੍ਰੰਪਰਾਵਾਂ ਦੇ ਪਿੱਛੇ ਮਾਨਤਾ

# Santions behind the Conventions

# 1. ਮਹਾਂਦੋਸ਼ ਦਾ ਡਰ

ਚੌਦਵੀਂ ਸਦੀ ਤੋਂ ਅਠਾਰਵੀਂ ਸਦੀ ਤੱਕ ਇੰਗਲੈਂਡ ਵਿੱਚ ਮਹਾਂਦੋਸ਼ ਦੀ ਵਿਧੀ ਪ੍ਰਚੱਲਿਤ ਰਹੀ ਸੀ। ਇਸ ਵਿਧੀ ਅਧੀਨ ਜਿਹੜੇ ਮੰਤਰੀ ਪ੍ਰੰਪਰਾਵਾਂ ਦੀ ਉਲੰਘਣਾ ਕਰਦੇ ਸਨ, ਸੰਸਦ ਉਹਨਾ ਵਿਰੁੱਧ ਮਹਾਂਦੋਸ਼ ਦਾ ਮੁਕੱਦਮਾ ਚਲਾ ਸਕਦੀ ਸੀ। ਇਸ ਮੁਕੱਦਮੇ ਅਧੀਨ ਦੋਸ਼ੀ ਮੰਤਰੀਆਂ ਨੂੰ ਕੋਈ ਸਜ਼ਾ ਵੀ ਦਿੱਤੀ ਜਾ ਸਕਦੀ ਸੀ। ਇਸੇ ਕਾਰਨ ਮੰਨਿਆਂ ਜਾਂਦਾ ਹੈ ਕਿ ਮਹਾਂਦੋਸ਼ ਦੇ ਡਰ ਦਾ ਪ੍ਰੰਪਰਾਵਾਂ ਦੀ ਪਾਲਣਾ ਕਰਵਾਉਣ ਵਿੱਚ ਮਹੱਤਵਪੂਰਨ ਯੋਗਦਾਨ ਰਿਹਾ ਹੈ।

ਇਸ ਸਿਧਾਂਤ ਦੇ ਆਲੋਚਕ ਕਹਿੰਦੇ ਹਨ ਕਿ ਮਹਾਂਦੋਸ਼ ਦੀ ਵਿਧੀ ਦੀ ਵਰਤੋਂ ਆਖਰੀ ਵਾਰੀ 1806 ਵਿੱਚ ਕੀਤੀ ਗਈ ਸੀ। ਇਸ ਲਈ ਅਜੋਕੇ ਯੁੱਗ ਵਿੱਚ ਮਹਾਂਦੋਸ਼ ਦਾ ਕੋਈ ਡਰ ਨਹੀਂ ਹੈ। ਜੇਕਰ ਕਾਮਨਜ਼ ਸਦਨ ਮਹਾਂਦੋਸ਼ ਚਲਾ ਵੀ ਦੇਵੇ ਤਾਂ ਇਸਦਾ ਸਫਲ ਹੋਣਾ ਸੰਭਵ ਨਹੀਂ ਹੋਵੇਗਾ ਕਿਉਂਕਿ ਮੰਤਰੀ ਮੰਡਲ ਕੋਲ ਇਸ ਸਦਨ ਦੇ ਬਹੁਮਤ ਦਾ ਸਮੱਰਥਨ ਹੁੰਦਾ ਹੈ।

# 2. ਪ੍ਰੰਪਰਾ ਟੁੱਟਣ ਨਾਲ਼ ਕਈ ਕਾਨੂੰਨ ਵੀ ਟੁੱਟ ਜਾਂਦੇ ਹਨ

ਕਈ ਵਿਚਾਰਕਾਂ ਦਾ ਮਤ ਹੈ ਕਿ ਜੇਕਰ ਪ੍ਰੰਪਰਾਵਾਂ ਦੀ ਪਾਲਣਾ ਨਾ ਕੀਤੀ ਜਾਵੇ ਤਾਂ ਇਸ ਨਾਲ਼ ਕਈ ਕਾਨੂੰਨ ਵੀ ਟੁੱਟ ਜਾਣਗੇ ਅਤੇ ਇੰਗਲੈਂਡ ਦੀ ਰਾਜਨੀਤਿਕ ਪ੍ਰਣਾਲ਼ੀ ਦਾ ਕੰਮ ਕਰਨਾ ਅਸੰਭਵ ਹੋ ਜਾਵੇਗਾ। ਪ੍ਰੋ. ਡਾਇਸੀ ਇਸ ਵਿਚਾਰ ਦਾ ਸਮੱਰਥਨ ਕਰਦਾ ਹੋਇਆ ਕਹਿੰਦਾ ਹੈ ਕਿ ਪ੍ਰੰਪਰਾਵਾਂ ਅਤੇ ਕਾਨੂੰਨਾਂ ਦਾ ਅਟੁੱਟ ਸੰਬੰਧ ਹੈ। ਉਦਾਹਰਣ ਲਈ ਸੰਸਦ ਦਾ ਹਰ ਸਾਲ ਵਿੱਚ ਸਮਾਗਮ ਬੁਲਾਉਣਾ ਕਾਨੂੰਨੀ ਤੌਰ ਤੇ ਲਾਜ਼ਮੀ ਨਹੀਂ ਹੈ ਸਗੋਂ ਸਿਰਫ ਇੱਕ ਪ੍ਰੰਪਰਾ ਹੈ। ਪ੍ਰੰਤੂ ਜੇਕਰ ਸਾਲ ਭਰ ਸੰਸਦ ਦਾ ਸਮਾਗਮ ਨਾ ਬੁਲਾਇਆ ਜਾਵੇ ਤਾਂ ‘ਸੈਨਾ ਕਾਨੂੰਨ’ (Army Act) ਪਾਸ ਨਹੀਂ ਹੋ ਸਕੇਗਾ ਜਿਹੜਾ ਕਿ ਹਰ ਸਾਲ ਪਾਸ ਕੀਤਾ ਜਾਂਦਾ ਹੈ। ਅਜਿਹਾ ਹੋਣ ਤੇ ਇੰਗਲੈਂਡ ਦੀ ਸਾਰੀ ਸੈਨਾ ਹੀ ਗੈਰਕਾਨੂੰਨੀ ਹੋ ਜਾਵੇਗੀ। ਜੇਕਰ ਸਾਲ ਭਰ ਸਮਾਗਮ ਨਹੀਂ ਬੁਲਾਇਆ ਜਾਵੇਗਾ ਤਾਂ ਬੱਜਟ ਪਾਸ ਨਹੀਂ ਹੋ ਸਕੇਗਾ ਅਤੇ ਸਰਕਾਰ ਲਈ ਪ੍ਰਸ਼ਾਸਨ ਚਲਾਉਣਾ ਅਸੰਭਵ ਹੋ ਜਾਵੇਗਾ।

# 3. ਜਨਮਤ ਦੀ ਸ਼ਕਤੀ

ਪ੍ਰੰਪਰਾਵਾਂ ਦੀ ਪਾਲਣਾ ਬਹੁਤ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਹੈ ਅਤੇ ਇਹਨਾ ਦੀ ਵਿਵਹਾਰਿਕ ਮਹੱਤਤਾ ਵੀ ਹੈ। ਇਸੇ ਲਈ ਰਾਜਨੀਤਿਕ ਅਹੁਦਿਆਂ ਤੇ ਬੈਠਣ ਵਾਲ਼ੇ ਵਿਅਕਤੀਆਂ ਤੋਂ ਇਹਨਾ ਪ੍ਰੰਪਰਾਵਾਂ ਦੀ ਪਾਲਣਾ ਦੀ ਜਨਤਾ ਉਮੀਦ ਵੀ ਕਰਦੀ ਹੈ। ਜੇਕਰ ਕੋਈ ਮੰਤਰੀ ਜਾਂ ਕੋਈ ਹੋਰ ਅਧਿਕਾਰੀ ਆਪਣੇ ਅਹੁਦੇ ਨਾਲ਼ ਜੁੜੀਆਂ ਪ੍ਰੰਪਰਾਵਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸਨੂੰ ਜਨਤਕ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਅਜੋਕੇ ਲੋਕਤੰਤਰੀ ਯੁੱਗ ਵਿੱਚ ਕਿਸੇ ਵੀ ਰਾਜਨੀਤਿਕ ਅਹੁਦੇ ਤੇ ਬੈਠਾ ਵਿਅਕਤੀ ਜਨਤਕ ਵਿਰੋਧ ਦਾ ਖਤਰਾ ਮੁੱਲ ਨਹੀਂ ਲੈਣਾ ਚਾਹੁੰਦਾ। ਉਦਾਹਰਣ ਲਈ ਜੇਕਰ ਕੋਈ ਮੰਤਰੀ ਮੰਡਲ ਕਾਮਨਜ਼ ਸਦਨ ਦਾ ਵਿਸ਼ਵਾਸ਼ ਗੁਆ ਲੈਣ ਤੇ ਵੀ ਅਸਤੀਫਾ ਨਾ ਦੇਵੇ ਤਾਂ ਅਗਲੀਆਂ ਚੋਣਾਂ ਵਿੱਚ ਲੋਕ ਉਸ ਦਲ ਦਾ ਸਫਾਇਆ ਕਰ ਦੇਣਗੇ।

# 4. ਪ੍ਰੰਪਰਾਵਾਂ ਦੀ ਵਿਵਹਾਰਿਕ ਉਪਯੋਗਿਕਤਾ

ਪ੍ਰੰਪਰਾਵਾਂ ਵਿਵਹਾਰਿਕ ਤੌਰ ਤੇ ਉਪਯੋਗੀ ਹੁੰਦੀਆਂ ਹਨ। ਪ੍ਰੰਪਰਾਵਾਂ ਦੀ ਇਸ ਵਿਵਹਾਰਿਕ ਉਪਯੋਗਿਕਤਾ ਕਾਰਨ ਹੀ ਇੰਗਲੈਂਡ ਦੀ ਰਾਜਨੀਤਿਕ ਪ੍ਰਣਾਲ਼ੀ ਨੇ ਆਪਣੇ ਆਪ ਨੂੰ ਬਿਨਾ ਕਿਸੇ ਝਟਕੇ ਦੇ ਨਿਰੰਕੁਸ਼ ਰਾਜਤੰਤਰ ਤੋਂ ਉਦਾਰਵਾਦੀ ਲੋਕਤੰਤਰ ਵਿੱਚ ਬਦਲ ਲਿਆ ਹੈ। ਬਾਦਸ਼ਾਹ ਸੰਸਦ ਦੁਆਰਾ ਪਾਸ ਕੀਤੇ ਹਰ ਕਾਨੂੰਨ ਤੇ ਆਪਣੀ ਪ੍ਰਵਾਨਗੀ ਦੇ ਦਿੰਦਾ ਹੈ ਅਤੇ ਮੰਤਰੀ ਮੰਡਲ ਦੀ ਹਰ ਸਲਾਹ ਨੂੰ ਪ੍ਰਵਾਨ ਕਰ ਲੈਂਦਾ ਹੈ। ਜੇਕਰ ਉਹ ਅਜਿਹਾ ਨਹੀਂ ਕਰੇਗਾ ਤਾਂ ਇੰਗਲੈਂਡ ਦੇ ਰਾਜਤੰਤਰ ਦਾ ਵੀ ਉਹੀ ਹਾਲ ਹੋਵੇਗਾ ਜਿਹੜਾ ਦੁਨੀਆਂ ਦੇ ਹੋਰ ਦੇਸ਼ਾਂ ਵਿੱਚ ਹੋ ਚੁੱਕਿਆ ਹੈ ਜਾਂ ਹੋ ਰਿਹਾ ਹੈ। ਇੰਗਲੈਂਡ ਦੇ ਲੋਕਾਂ ਨੂੰ ਵੀ ਮਜਬੂਰਨ ਆਪਣੇ ਬਾਦਸ਼ਾਹ ਨੂੰ ਗੱਦੀ ਤੋਂ ਲਾਹ ਕੇ ਕਿਸੇ ਚੁਣੇ ਹੋਏ ਸੰਵਿਧਾਨਿਕ ਮੁਖੀ ਦੀ ਵਿਵਸਥਾ ਕਰਨੀ ਪਏਗੀ। ਹੁਣ ਪ੍ਰੰਪਰਾਵਾਂ ਦਾ ਪਾਲਣ ਕਰਕੇ ਬਾਦਸ਼ਾਹ ਨੇ ਆਪਣਾ ਮਾਣ ਸਤਿਕਾਰ ਵੀ ਕਾਇਮ ਰੱਖਿਆ ਹੋਇਆ ਹੈ ਅਤੇ ਲੋਕਤੰਤਰੀਕਰਨ ਦੇ ਰਸਤੇ ਨੂੰ ਵੀ ਖੁੱਲ੍ਹਾ ਰੱਖਿਆ ਹੈ।

# 5. ਹਰ ਨਿਯਮ ਨੂੰ ਲਿਖਤੀ ਰੂਪ ਦੇਣਾ ਸੰਭਵ ਨਹੀਂ ਹੁੰਦਾ

ਪ੍ਰੰਪਰਾਵਾਂ ਦੀ ਪਾਲਣਾ ਇਸ ਲਈ ਵੀ ਕੀਤੀ ਜਾਂਦੀ ਹੈ ਕਿਉਂਕਿ ਇਹ ਰਾਜਨੀਤੀ ਦੇ ਅਲਿਖਤੀ ਨਿਯਮ ਹੁੰਦੀਆਂ ਹਨ। ਰਾਜਨੀਤਿਕ ਖੇਤਰ ਵਿੱਚ ਹਰ ਨਿਯਮ ਨੂੰ ਲਿਖਤੀ ਰੂਪ ਦੇਣਾ ਸੰਭਵ ਨਹੀਂ ਹੁੰਦਾ। ਪ੍ਰੰਤੂ ਰਾਜਨੀਤੀ ਨਾਲ਼ ਸੰਬੰਧਿਤ ਨੈਤਿਕ ਨਿਯਮਾ ਦੀ ਪਾਲਣਾ ਕਰਨਾ ਰਾਜਨੀਤੀ ਨਾਲ਼ ਸੰਬੰਧਿਤ ਵਿਅਕਤੀਆਂ ਦਾ ਕਰਤੱਵ ਬਣ ਜਾਂਦਾ ਹੈ। ਉਦਾਹਰਣ ਲਈ ਇਹ ਨਿਯਮ ਤਾਂ ਬਣਾਇਆ ਜਾ ਸਕਦਾ ਹੈ ਕਿ ਸਪੀਕਰ ਚੁਣੇ ਜਾਣ ਤੋਂ ਬਾਅਦ ਵਿਅਕਤੀ ਆਪਣੇ ਦਲ ਨਾਲ਼ੋਂ ਨਾਤਾ ਤੋੜ ਲਏਗਾ, ਪ੍ਰੰਤੂ ਸਪੀਕਰ ਦੇ ਨਿਰਪੱਖ ਹੋ ਕੇ ਕੰਮ ਕਰਨ ਨੂੰ ਲਿਖਤੀ ਨਿਯਮਾ ਨਾਲ਼ ਯਕੀਨੀ ਨਹੀਂ ਬਣਾਇਆ ਜਾ ਸਕਦਾ। ਇਸ ਲਈ ਅਜਿਹੀ ਘਾਟ ਦੀ ਪੂਰਤੀ ਪ੍ਰੰਪਰਾਵਾਂ ਨਾਲ਼ ਹੀ ਕੀਤੀ ਜਾ ਸਕਦੀ ਹੈ।

# 6. ਪ੍ਰੰਪਰਾਵਾਂ ਵਿੱਚ ਨੈਤਿਕਤਾ ਦਾ ਤੱਤ ਵੀ ਮੌਜੂਦ ਹੁੰਦਾ ਹੈ

ਕਾਨੂੰਨ ਵਿੱਚ ਨੈਤਿਕਤਾ ਦਾ ਤੱਤ ਮੌਜੂਦ ਨਹੀਂ ਹੁੰਦਾ, ਪ੍ਰੰਤੂ ਪ੍ਰੰਪਰਾਵਾਂ ਵਿੱਚ ਹੁੰਦਾ ਹੈ। ਉਦਾਹਰਣ ਲਈ ਜਿਹੜੇ ਵੀ ਦਲ ਕੋਲ਼ ਬਹੁਮਤ ਹੁੰਦਾ ਹੈ, ਉਹ ਕਿਸੇ ਵੀ ਅਜਿਹੇ ਕਾਨੂੰਨ ਨੂੰ ਸਮਾਪਤ ਕਰ ਸਕਦਾ ਹੈ, ਜਿਹੜਾ ਉਸਦੀ ਮਨਮਾਨੀ ਦੇ ਰਸਤੇ ਵਿੱਚ ਰੁਕਾਵਟ ਬਣ ਰਿਹਾ ਹੋਵੇ। ਅੰਦਰੂਨੀ ਸੰਕਟਕਾਲ ਦੇ ਸਮੇਂ ਦੌਰਾਨ ਭਾਰਤ ਵਿੱਚ ਸੱਤਾਧਾਰੀ ਧਿਰ ਨੇ ਇਸ ਵਿਧੀ ਦੀ ਰੱਜ ਕੇ ਵਰਤੋਂ ਕੀਤੀ ਸੀ। ਸ਼ਕਤੀ ਦੀ ਅਜਿਹੀ ਦੁਰਵਰਤੋਂ ਨੂੰ ਰੋਕਣਾ ਸੰਭਵ ਨਹੀਂ ਹੈ ਕਿਉਂਕਿ ਕਾਨੂੰਨਾਂ ਵਿੱਚ ਤਬਦੀਲੀਆਂ ਨਿਸ਼ਚਿਤ ਕਾਨੂੰਨੀ ਵਿਧੀਆਂ ਨਾਲ਼ ਕੀਤੀਆਂ ਜਾਂਦੀਆਂ ਹਨ ਅਤੇ ਕਾਨੂੰਨ ਵਿੱਚ ਨੈਤਿਕਤਾ ਦਾ ਕੋਈ ਪ੍ਰਸ਼ਨ ਪੈਦਾ ਨਹੀਂ ਹੁੰਦਾ। ਪ੍ਰੰਤੂ ਪ੍ਰੰਪਰਾਵਾਂ ਵਿੱਚ ਨੈਤਿਕਤਾ ਦਾ ਤੱਤ ਵੀ ਹੁੰਦਾ ਹੈ। ਇਹਨਾ ਦੀ ਪਾਲਣਾ ਕਰਨਾ ਕਾਨੂੰਨੀ ਆਧਾਰ ਨਾਲ਼ੋਂ ਵੱਧ ਨੈਤਿਕ ਆਧਾਰ ਤੇ ਕੀਤੀ ਜਾਂਦੀ ਹੈ।

# ਸਿੱਟਾ

ਪ੍ਰੰਪਰਾਵਾਂ ਹਰ ਰਾਜਨੀਤਿਕ ਪ੍ਰਣਾਲ਼ੀ ਵਿੱਚ ਹੁੰਦੀਆਂ ਹਨ। ਪ੍ਰੰਤੂ ਇੰਗਲੈਂਡ ਦੀ ਰਾਜਨੀਤਿਕ ਪ੍ਰਣਾਲ਼ੀ ਦਾ ਆਧਾਰ ਹੀ ਇਹਨਾ ਪ੍ਰੰਪਰਾਵਾਂ ਵਿੱਚ ਹੈ। ਇਹਨਾ ਦੀ ਪਾਲਣਾ ਕਰਨ ਨਾਲ਼ ਇੰਗਲੈਂਡ ਦਾ ਰਾਜਤੰਤਰ, ਦਲ ਪ੍ਰਣਾਲ਼ੀ, ਕਾਮਨਜ਼ ਸਦਨ ਦੇ ਸਪੀਕਰ ਦਾ ਅਹੁਦਾ ਅਤੇ ਜਿੰਮੇਵਾਰ ਮੰਤਰੀ ਮੰਡਲ ਪੂਰੀ ਦੁਨੀਆਂ ਦੇ ਅੱਗੇ ਰੋਲ ਮਾਡਲ ਬਣੇ ਹੋਏ ਹਨ। ਕਿਸੇ ਵੀ ਰਾਜਨੀਤਿਕ ਧਿਰ ਵਿੱਚ ਇਹਨਾ ਪ੍ਰੰਪਰਾਵਾਂ ਦੀ ਉਲੰਘਣਾ ਕਰਨ ਦੀ ਸਮੱਰਥਾ ਨਹੀਂ ਹੈ।

# ਇੰਗਲੈਂਡ ਵਿੱਚ ਪ੍ਰੰਪਰਾਵਾਂ ਦੀ ਭੂਮਿਕਾ

# Role of Conventions in England

# 1. ਰਾਜਤੰਤਰ ਦਾ ਲੋਕਤੰਤਰੀਕਰਨ

ਦੁਨੀਆਂ ਦੇ ਬਹੁਤੇ ਹੋਰ ਰਾਜਾਂ ਵਾਂਗ ਕਦੇ ਇੰਗਲੈਂਡ ਵਿੱਚ ਵੀ ਅਸੀਮਿਤ ਰਾਜਤੰਤਰ ਸੀ। ਪ੍ਰੰਤੂ ਹੌਲ਼ੀ-ਹੌਲ਼ੀ ਕੁੱਝ ਅਜਿਹੀਆਂ ਪ੍ਰੰਪਰਾਵਾਂ ਦਾ ਜਨਮ ਹੋਇਆ ਜਿਹਨਾ ਦੇ ਨਤੀਜੇ ਵਜੋਂ ਇੰਗਲੈਂਡ ਵਿੱਚ ਲੋਕਤੰਤਰ ਮਜਬੂਤ ਹੁੰਦਾ ਗਿਆ ਅਤੇ ਰਾਜਤੰਤਰ ਸੀਮਿਤ ਹੁੰਦਾ ਗਿਆ। ਜਿਹੜਾ ਲੋਕਤੰਤਰ ਦੁਨੀਆਂ ਦੇ ਹੋਰਨਾ ਦੇਸ਼ਾਂ ਨੇ ਖ਼ੂਨੀ ਕ੍ਰਾਂਤੀਆਂ ਅਤੇ ਲੰਮੇ ਸੰਘਰਸ਼ਾਂ ਤੋਂ ਬਾਅਦ ਪ੍ਰਾਪਤ ਕੀਤਾ ਹੈ, ਉਹੀ ਲੋਕਤੰਤਰ ਇੰਗਲੈਂਡ ਦੇ ਲੋਕਾਂ ਨੇ ਇਹਨਾ ਪ੍ਰੰਪਰਾਵਾਂ ਨਾ਼ਲ ਪ੍ਰਾਪਤ ਕਰ ਲਿਆ ਹੈ।

# 2. ਸੰਸਦੀ ਸ਼ਾਸਨ ਪ੍ਰਣਾਲ਼ੀ ਦਾ ਵਿਕਾਸ

ਸੰਸਦੀ ਸ਼ਾਸਨ ਪ੍ਰਣਾਲ਼ੀ ਇੰਗਲੈਂਡ ਦੀ ਦੁਨੀਆਂ ਨੂੰ ਇੱਕ ਬਹੁਤ ਹੀ ਮਹੱਤਵਪੂਰਨ ਦੇਣ ਹੈ। ਪ੍ਰੰਤੂ ਇੰਗਲੈਂਡ ਵਿੱਚ ਇਸ ਪ੍ਰਣਾਲ਼ੀ ਦਾ ਜਨਮ ਸਿਰਫ ਪ੍ਰੰਪਰਾਵਾਂ ਦੇ ਆਧਾਰ ਤੇ ਹੀ ਹੋਇਆ ਹੈ। ਅੱਜ ਜਿਹੜੀਆਂ ਵੀ ਵਿਸ਼ੇਸ਼ਤਾਵਾਂ ਸੰਸਦੀ ਸ਼ਾਸਨ ਪ੍ਰਣਾਲ਼ੀ ਲਈ ਲਾਜ਼ਮੀ ਮੰਨੀਆਂ ਜਾਂਦੀਆਂ ਹਨ, ਉਹ ਲਗਭਗ ਸਾਰੀਆਂ ਹੀ ਇੰਗਲੈਂਡ ਵਿੱਚ ਕਿਸੇ ਨਾ ਕਿਸੇ ਪ੍ਰੰਪਰਾ ਦੇ ਸਿੱਟੇ ਵਜੋਂ ਪੈਦਾ ਹੋਈਆਂ ਹਨ। ਦੋ-ਸਦਨੀ ਸੰਸਦ, ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਵਿੱਚ ਨਜਦੀਕੀ ਸੰਬੰਧ, ਮੰਤਰੀਆਂ ਦੀ ਹੇਠਲੇ ਸਦਨ ਪ੍ਰਤੀ ਜਿੰਮੇਵਾਰੀ, ਧਨ ਤੇ ਜਨਤਾ ਦੇ ਚੁਣੇ ਹੋਏ ਪ੍ਰਤੀਨਿਧੀਆਂ ਦਾ ਨਿਯੰਤਰਣ ਆਦਿ ਵਿਸ਼ੇਸ਼ਤਾਵਾਂ ਇੰਗਲੈਂਡ ਦੀ ਰਾਜਨੀਤਿਕ ਪ੍ਰਣਾਲ਼ੀ ਦੀਆਂ ਪ੍ਰੰਪਰਾਵਾਂ ਦੇ ਆਧਾਰ ਤੇ ਹੀ ਬਣੀਆਂ ਹਨ।

# 3. ਸੰਵਿਧਾਨ ਨੂੰ ਗਤੀਸ਼ੀਲਤਾ ਦੇਣਾ

ਪ੍ਰੰਪਰਾਵਾਂ ਨੇ ਇੰਗਲੈਂਡ ਦੇ ਸੰਵਿਧਾਨ ਨੂੰ ਗਤੀਸ਼ੀਲਤਾ ਪ੍ਰਦਾਨ ਕੀਤੀ ਹੈ। ਆੱਗ ਅਤੇ ਜ਼ਿੰਕ ਦਾ ਵਿਚਾਰ ਹੈ ਕਿ ‘‘ਪ੍ਰੰਪਰਾਵਾਂ ਕਾਨੂੰਨ ਦੀਆਂ ਸੁੱਕੀਆਂ ਹੱਡੀਆਂ ਨੂੰ ਮਾਸ ਨਾਲ਼ ਢਕਦੀਆਂ ਹਨ ਅਤੇ ਸੰਵਿਧਾਨ ਨੂੰ ਕਾਰਜਸ਼ੀਲ ਬਣਾਉਂਦੀਆਂ ਹਨ ਅਤੇ ਇਸਨੂੰ ਬਦਲਦੀਆਂ ਹੋਈਆਂ ਸਮਾਜਿਕ ਲੋੜਾਂ ਅਤੇ ਰਾਜਨੀਤਿਕ ਵਿਚਾਰਾਂ ਦਾ ਹਾਣੀ ਬਣਾਉਂਦੀਆਂ ਹਨ’’।

# 4. ਸੰਵਿਧਾਨ ਦਾ ਸੋਮਾ

ਇੰਗਲੈਂਡ ਵਿੱਚ ਪ੍ਰੰਪਰਾਵਾਂ ਸੰਵਿਧਾਨ ਦਾ ਬਹੁਤ ਮਹੱਤਵਪੂਰਨ ਸੋਮਾਂ ਹਨ। ਦੁਨੀਆਂ ਦੇ ਕਿਸੇ ਹੋਰ ਦੇਸ਼ ਦੇ ਸੰਵਿਧਾਨ ਵਿੱਚੋਂ ਪ੍ਰੰਪਰਾਵਾਂ ਨੂੰ ਕੱਢ ਦੇਣ ਨਾਲ਼ ਉੱਥੋਂ ਦਾ ਸ਼ਾਸਨ ਚਲਾਉਣਾ ਮੁਸ਼ਕਿਲ ਹੋ ਸਕਦਾ ਹੈ ਪ੍ਰੰਤੂ ਇੰਗਲੈਂਡ ਦੇ ਸੰਵਿਧਾਨ ਵਿੱਚੋਂ ਪ੍ਰੰਪਰਾਵਾਂ ਨੂੰ ਕੱਢ ਦੇਣ ਨਾਲ਼ ਇਸਨੂੰ ਚਲਾਉਣਾ ਅਸੰਭਵ ਹੀ ਹੋ ਜਾਵੇਗਾ। ਇਸਦਾ ਕਾਰਨ ਇਹ ਹੈ ਕਿ ਬਰਤਾਨਵੀ ਸੰਵਿਧਾਨ ਦਾ ਆਧਾਰ ਹੀ ਪ੍ਰੰਪਰਾਵਾਂ ਵਿੱਚ ਹੈ।




Joginder Singh Khatra

Assistant Professor & Head

Dept. of Political Science

Akal Degree College Mastuana